# ਤੁਹਾਡਾ ਤਨਖਾਹ ਵਾਲੀਆਂ ਛੁੱਟੀਆਂ ਦਾ ਹੱਕ

ਕੀ ਤੁਹਾਨੂੰ ਪਤਾ ਹੈ ਕਿ ਅਜਿਹੇ ਕਾਨੂੰਨ ਬਣੇ ਹੋਏ ਹਨ ਜਿਹੜੇ ਤੁਹਾਡੇ ਕੰਮ-ਮਾਲਕ (ਇਮਪਲੌਇਅਰ) ਤੋਂ ਇਹ ਮੰਗ ਕਰਦੇ ਹਨ ਕਿ ਉਹ ਤੁਹਾਨੂੰ ਛੁੱਟੀਆਂ ਦੀ ਤਨਖਾਹ ਦੇਵੇ? ਇਨ੍ਹਾਂ ਨੂੰ ਕਾਨੂੰਨੀ (ਜਾਂ ਤਨਖਾਹ ਸਮੇਤ) ਛੁੱਟੀਆਂ ਆਖਿਆ ਜਾਂਦਾ ਹੈ। ਬੀ.ਸੀ. ਵਿਚ ਨੌਂ ਕਾਨੂੰਨੀ ਛੁੱਟੀਆਂ ਹਨ। ਇਹ ਹਨ:

- ਨਵੇਂ ਸਾਲ ਦਾ ਦਿਨ – 1 ਜਨਵਰੀ
- ਗੁੱਡ ਫਰਾਈਡੇਅ – 20 ਮਾਰਚ ਅਤੇ 23 ਅਪਰੈਲ ਦੇ ਵਿਚਕਾਰ ਆਉਣ ਵਾਲੇ ਇਕ ਸ਼ੁਕਰਵਾਰ ਨੂੰ (2010 ਵਿਚ ਇਹ 2 ਅਪਰੈਲ ਹੈ)
- ਵਿਕਟੋਰੀਆ ਡੇਅ – 24 ਮਈ ਜੇ ਇਹ ਸੋਮਵਾਰ ਹੋਵੇ, ਨਹੀਂ ਤਾਂ ਮਈ ਦਾ ਆਖਰੀ ਸੋਮਵਾਰ
- ਕਨੇਡਾ ਡੇਅ – 1 ਜੁਲਾਈ
- ਬੀ.ਸੀ. ਡੇਅ – ਅਗਸਤ ਦਾ ਪਹਿਲਾ ਸੋਮਵਾਰ
- ਲੇਬਰ ਡੇਅ – ਸਤੰਬਰ ਦਾ ਪਹਿਲਾ ਸੋਮਵਾਰ
- ਥੈਂਕਸਗਿਵਿੰਗ ਡੇਅ – ਅਕਤੂਬਰ ਦਾ ਦੂਜਾ ਸੋਮਵਾਰ
- ਰਿਮੈਂਬਰੇਂਸ ਡੇਅ – 11 ਨਵੰਬਰ
- ਕਰਿਸਮਿਸ ਡੇਅ – 25 ਦਸੰਬਰ

ਈਸਟਰ ਸੰਡੇ, ਈਸਟਰ ਮੰਡੇ ਅਤੇ ਬੌਕਸਿੰਗ ਡੇਅ (26 ਦਸੰਬਰ) ਕਾਨੂੰਨੀ ਛੁੱਟੀਆਂ ਵਾਲੇ ਦਿਨ ਨਹੀਂ ਹਨ।

ਕਾਨੂੰਨੀ ਛੁੱਟੀ ਵਾਲੇ ਦਿਨ ਦੀ ਤਨਖਾਹ ਲੈਣ ਲਈ ਤੁਹਾਡੇ ਲਈ ਇਹ ਹੋਣਾ ਜ਼ਰੂਰੀ ਹੈ:

- ਕਾਨੂੰਨੀ ਛੁੱਟੀ ਵਾਲੇ ਦਿਨ ਤੋਂ ਪਹਿਲਾਂ ਤੁਸੀਂ ਘੱਟੋ ਘੱਟ 30 ਦਿਨ ਕੰਮ ਕੀਤਾ ਹੈ।
- ਕਾਨੂੰਨੀ ਛੁੱਟੀ ਵਾਲੇ ਦਿਨ ਤੋਂ ਫੌਰੀ ਪਹਿਲਾਂ ਦੇ 30 ਦਿਨਾਂ ਵਿਚ 15 ਦਿਨ ਕੰਮ ਕੀਤਾ ਹੈ ਜਾਂ ਤਨਖਾਹ ਬਣਾਈ ਹੈ।

ਉਦਾਹਰਣ ਲਈ, ਕਨੇਡਾ ਡੇਅ ਲਈ ਕਾਨੂੰਨੀ ਛੁੱਟੀ ਦੀ ਤਨਖਾਹ ਲੈਣ ਲਈ, ਤੁਹਾਡੇ ਵਲੋਂ ਆਪਣੇ ਕੰਮ 'ਤੇ ਪਹਿਲਾਂ ਹੀ 30 ਦਿਨ ਕੰਮ ਕੀਤੇ ਹੋਣ ਅਤੇ 1 ਜੂਨ ਅਤੇ 1 ਜੁਲਾਈ (ਕਨੇਡਾ ਡੇਅ) ਦੇ ਵਿਚਕਾਰ 15 ਦਿਨਾਂ ਲਈ ਕੰਮ ਕੀਤੇ ਹੋਣ ਦੀ ਲੋੜ ਹੈ।

## ਅਯੋਗ ਮੁਲਾਜ਼ਮਾਂ ਲਈ ਵਾਧੂ ਤਨਖਾਹ ਨਹੀਂ

ਜੇ ਤੁਸੀਂ ਕਾਨੂੰਨੀ ਛੁੱਟੀ ਦੀ ਤਨਖਾਹ ਲੈਣ ਦੇ ਹੱਕਦਾਰ ਨਹੀਂ ਹੋ ਤਾਂ ਜੇ ਤੁਸੀਂ ਕਾਨੂੰਨੀ ਛੁੱਟੀ ਵਾਲੇ ਦਿਨ ਕੰਮ ਕਰਦੇ ਹੋ ਤਾਂ ਤੁਹਾਨੂੰ ਆਮ ਕੰਮ ਵਾਲੇ ਦਿਨ ਦੀ ਤਨਖਾਹ ਦਿੱਤੀ ਜਾ ਸਕਦੀ ਹੈ।

## ਕੰਮ ਤੋਂ ਛੁੱਟੀ ਕੀਤੇ ਜਾਣ ਵਾਲੇ ਦਿਨ ਕਾਨੂੰਨੀ ਛੁੱਟੀ

ਜੇ ਤੁਹਾਨੂੰ ਕਾਨੂੰਨੀ ਛੁੱਟੀ ਵਾਲੇ ਦਿਨ ਕੰਮ ਤੋਂ ਛੁੱਟੀ ਦਿੱਤੀ ਗਈ ਹੈ, ਜਾਂ ਇਹ ਛੁੱਟੀ ਕੰਮ ਤੋਂ ਛੁੱਟੀ ਵਾਲੇ ਕਿਸੇ ਆਮ ਦਿਨ ਵਿਚ ਆਉਂਦੀ ਹੈ ਤਾਂ ਤੁਸੀਂ ਇਕ ਔਸਤ ਦਿਨ ਦੀ ਤਨਖਾਹ ਲਈ ਹੱਕਦਾਰ ਹੋ।

ਇਕ ਔਸਤ ਦਿਨ ਦੀ ਤਨਖਾਹ ਦਾ ਹਿਸਾਬ, ਕਾਨੂੰਨੀ ਛੁੱਟੀ ਤੋਂ ਪਹਿਲਾਂ ਦੇ 30 ਦਿਨਾਂ ਵਿਚ ਤੁਹਾਡੇ ਵਲੋਂ ਕਮਾਈ ਗਈ ਕੁੱਲ ਤਨਖਾਹ ਨੂੰ ਤੁਹਾਡੇ ਵਲੋਂ ਕੀਤੇ ਗਏ ਕੰਮ ਦੇ ਦਿਨਾਂ ਦੀ ਗਿਣਤੀ ਨਾਲ ਤਕਸੀਮ ਕਰਕੇ ਲਗਾਇਆ ਜਾਂਦਾ ਹੈ। ਇਸ ਸਮੇਂ ਦੌਰਾਨ ਆਈਆਂ ਛੁੱਟੀਆਂ ਨੂੰ ਕੰਮ ਕਰਨ ਵਾਲੇ ਦਿਨਾਂ ਦੇ ਤੌਰ 'ਤੇ ਗਿਣਿਆ ਜਾਂਦਾ ਹੈ।

ਉਦਾਹਰਣ ਲਈ, ਜੇ ਪਿਛਲੇ 30 ਦਿਨਾਂ ਵਿਚ ਤੁਸੀਂ 1500 ਡਾਲਰ ਕਮਾਏ ਹਨ ਅਤੇ ਉਨ੍ਹਾਂ ਦਿਨਾਂ ਵਿੱਚੋਂ 20 ਦਿਨ ਕੰਮ ਕੀਤਾ ਹੈ ਤਾਂ ਤੁਹਾਡੀ ਦਿਨ ਦੀ ਔਸਤ ਤਨਖਾਹ 75 ਡਾਲਰ ਹੈ।

## ਕਾਨੂੰਨੀ ਛੁੱਟੀ ਵਾਲੇ ਦਿਨ ਕੰਮ ਕਰਨਾ

ਜੇ ਤੁਸੀਂ ਕਾਨੂੰਨੀ ਛੁੱਟੀ ਵਾਲੇ ਕਿਸੇ ਦਿਨ ਕੰਮ ਕਰਦੇ ਹੋ ਤਾਂ ਤੁਹਾਨੂੰ ਇਕ ਔਸਤ ਦਿਨ ਦੀ ਤਨਖਾਹ ਜਮ੍ਹਾਂ ਕੰਮ ਦੇ ਪਹਿਲੇ 12 ਘੰਟਿਆਂ ਲਈ ਡੇਢੀ ਅਤੇ 12 ਘੰਟਿਆਂ ਤੋਂ ਉੱਪਰ ਦੇ ਕਿਸੇ ਵੀ ਸਮੇਂ ਲਈ ਦੁੱਗਣੀ ਤਨਖਾਹ ਮਿਲਣੀ ਚਾਹੀਦੀ ਹੈ। ਤੁਹਾਡੀ ਡੇਢੀ ਤਨਖਾਹ ਤੁਹਾਡੇ ਘੰਟੇ ਦੀ ਤਨਖਾਹ ਗੁਣਾ 1।5 ਹੈ ਅਤੇ ਦੁੱਗਣੀ ਤਨਖਾਹ ਤੁਹਾਡੇ ਘੰਟੇ ਦੀ ਤਨਖਾਹ ਗੁਣਾ ਦੋ ਹੈ।

## ਕਾਨੂੰਨੀ ਛੁੱਟੀ ਵਾਲੇ ਦਿਨ ਦੀ ਥਾਂ ਕਿਸੇ ਹੋਰ ਦਿਨ ਨੂੰ ਛੁੱਟੀ ਕਰਨਾ

ਕੰਮ-ਮਾਲਕ ਅਤੇ ਬਹੁਗਿਣਤੀ ਮੁਲਾਜ਼ਮ, ਕਾਨੂੰਨੀ ਛੁੱਟੀ ਵਾਲੇ ਦਿਨ ਦੀ ਥਾਂ ਕਿਸੇ ਹੋਰ ਦਿਨ ਛੁੱਟੀ ਲੈਣ ਲਈ ਸਹਿਮਤ ਹੋ ਸਕਦੇ ਹਨ।

ਇਹ ਆਰਟੀਕਲ, ਬੀ.ਸੀ. ਵਿਚ ਕੰਮ ਕਰਨ ਬਾਰੇ ਕੁਝ ਕਾਨੂੰਨਾਂ ਦੀ ਸੰਖੇਪ ਜਾਣ ਪਛਾਣ ਹੈ। ਜ਼ਿਆਦਾ ਵਿਸਥਾਰ ਵਿਚ ਜਾਣਕਾਰੀ ਲੈਣ ਲਈ, ਅੱਗੇ ਲਿਖੇ ਵੈੱਬਸਾਈਟ 'ਤੇ ਇਮਪਲੌਏਮੈਂਟ ਸਟੈਂਡਰਡਜ਼ ਬਰਾਂਚ ਦੇ ਵੈੱਬਸਾਈਟ 'ਤੇ ਜਾਓ:

www.labour.gov.bc.ca/esb/

Immigrant PLEI Consortium

This project is made possible through funding from the Government of Canada and the Province of British columbia